ਮਿੱਠੇ ਬੱਚੇ:- ਸ਼੍ਰੀਮਤ ਤੇ ਚੰਗੀ ਸਰਵਿਸ ਕਰਨ ਵਾਲਿਆਂ ਨੂੰ ਹੀ ਰਾਜਾਈ ਦੀ ਪ੍ਰਾਈਜ਼ ਮਿਲਦੀ ਹੈ , ਤੁਸੀਂ ਬੱਚੇ ਹੁਣ ਬਾਪ ਦੇ ਮਦਦਗਾਰ ਬਣੇ ਹੋ ਇਸਲਈ ਤੁਹਾਨੂੰ ਬਹੁਤ ਵੱਡੀ ਪ੍ਰਾਈਜ਼ ਮਿਲਦੀ ਹੈ। ”

ਪ੍ਰਸ਼ਨ:- ਬਾਪ ਦੀ ਗਿਆਨ ਡਾਂਸ ਕਿਹੜਿਆਂ ਬੱਚਿਆਂ ਦੇ ਸਾਹਮਣੇ ਬਹੁਤ ਚੰਗੀ ਹੁੰਦੀ ਹੈ?

ਉੱਤਰ:- ਜੋ ਗਿਆਨ ਦੇ ਸ਼ੋਕੀਨ ਹਨ, ਜਿਨ੍ਹਾਂ ਨੂੰ ਯੋਗ ਦਾ ਨਸ਼ਾ ਹੈ, ਉਨ੍ਹਾਂ ਦੇ ਸਾਹਮਣੇ ਬਾਪ ਦੀ ਗਿਆਨ ਡਾਂਸ ਬਹੁਤ ਚੰਗੀ ਹੁੰਦੀ ਹੈ। ਨੰਬਰਵਾਰ ਸਟੂਡੈਂਟ ਹਨ। ਪਰ ਇਹ ਵੰਡਰਫੁੱਲ ਸਕੂਲ ਹੈ। ਕਈਆਂ ਵਿੱਚ ਜਰਾ ਵੀ ਗਿਆਨ ਨਹੀਂ ਹੈ, ਸਿਰਫ਼ ਭਾਵਨਾ ਬੈਠੀ ਹੋਈ ਹੈ, ਉਸ ਭਾਵਨਾ ਦੇ ਆਧਾਰ ਤੇ ਵੀ ਵਰਸੇ ਦੇ ਅਧਿਕਾਰੀ ਬਣ ਜਾਂਦੇ ਹਨ।

ਓਮ ਸ਼ਾਂਤੀ। ਰੂਹਾਨੀ ਬੱਚਿਆਂ ਨੂੰ ਰੂਹਾਨੀ ਬਾਪ ਸਮਝਾਉਂਦੇ ਹਨ, ਇਸ ਨੂੰ ਕਿਹਾ ਜਾਂਦਾ ਹੈ ਰੂਹਾਨੀ ਗਿਆਨ ਤੇ ਸਪ੍ਰਿਚੂਅਲ ਨਾਲੇਜ਼। ਸਪ੍ਰਿਚੂਅਲ ਨਾਲੇਜ਼ ਸਿਰਫ ਇੱਕ ਬਾਪ ਵਿੱਚ ਹੀ ਹੁੰਦੀ ਹੈ ਅਤੇ ਹੋਰ ਕੋਈ ਵੀ ਮਨੁੱਖ ਮਾਤਰ ਵਿੱਚ ਰੂਹਾਨੀ ਨਾਲੇਜ਼ ਹੁੰਦੀ ਨਹੀਂ। ਰੂਹਾਨੀ ਨਾਲੇਜ਼ ਦੇਣ ਵਾਲਾ ਵੀ ਇਕ ਹੈ, ਜਿਸਨੂੰ ਗਿਆਨ ਦਾ ਸਾਗਰ ਕਿਹਾ ਜਾਂਦਾ ਹੈ। ਹਰ ਮਨੁੱਖ ਕੋਲ ਆਪਣੀ-ਆਪਣੀ ਖ਼ੂਬੀ ਹੁੰਦੀ ਹੈ ਨਾ। ਬੈਰਿਸਟਰ, ਬੈਰਿਸਟਰ ਹੈ। ਡਾਕਟਰ, ਡਾਕਟਰ ਹੈ। ਹਰ ਇੱਕ ਦੀ ਡਿਊਟੀ, ਪਾਰਟ ਵੱਖ-ਵੱਖ ਹੈ। ਹਰ ਇੱਕ ਆਤਮਾ ਨੂੰ ਆਪਣਾ-ਆਪਣਾ ਪਾਰਟ ਮਿਲਿਆ ਹੋਇਆ ਹੈ ਅਤੇ ਅਵਿਨਾਸ਼ੀ ਪਾਰਟ ਹੈ। ਕਿੰਨੀ ਛੋਟੀ ਆਤਮਾ ਹੈ। ਵੰਡਰ ਹੈ ਨਾ। ਗਾਉਂਦੇ ਵੀ ਹਨ ਚਮਕਦਾ ਹੈ ਭ੍ਰਿਕੁਟੀ ਦੇ ਵਿੱਚ… ਇਹ ਵੀ ਗਾਇਆ ਜਾਂਦਾ ਹੈ ਕਿ ਨਿਰਾਕਾਰ ਆਤਮਾ ਦਾ ਇਹ ਸ਼ਰੀਰ ਤਖ਼ਤ ਹੈ। ਹੈ ਬਹੁਤ ਛੋਟੀ ਜਿਹੀ ਬਿੰਦੀ। ਹੋਰ ਸਾਰੀਆਂ ਆਤਮਾਵਾਂ ਐਕਟਰਸ ਹਨ। ਇੱਕ ਜਨਮ ਦੇ ਫੀਚਰਸ ਨਹੀਂ ਮਿਲਦੇ ਦੂਜੇ ਨਾਲ, ਇੱਕ ਜਨਮ ਦਾ ਪਾਰਟ ਨਹੀਂ ਮਿਲਦਾ ਦੂਜੇ ਨਾਲ। ਕਿਸੇ ਨੂੰ ਵੀ ਨਹੀਂ ਪਤਾ ਕਿ ਅਸੀਂ ਪਾਸਟ ਵਿੱਚ ਕੀ ਸੀ ਫਿਰ ਫਿਊਚਰ ਵਿੱਚ ਕੀ ਹੋਵਾਂਗੇ। ਇਹ ਬਾਪ ਸੰਗਮ ਤੇ ਬੈਠ ਸਮਝਾਉਂਦੇ ਹਨ। ਸਵੇਰ ਨੂੰ ਜਦੋਂ ਤੁਸੀਂ ਬੱਚੇ ਯਾਦ ਦੀ ਯਾਤਰਾ ਵਿੱਚ ਬੈਠਦੇ ਹੋ ਤਾਂ ਉਝਾਈ ਹੋਈ ਆਤਮਾ ਪ੍ਰਜਵਲਿਤ ਹੁੰਦੀ ਰਹਿੰਦੀ ਹੈ ਕਿਉਂਕਿ ਆਤਮਾ ਵਿੱਚ ਬਹੁਤ ਜੰਕ ਲੱਗਿਆ ਹੋਇਆ ਹੈ। ਬਾਪ ਸੁਨਾਰ ਦਾ ਵੀ ਕੰਮ ਕਰਦੇ ਹਨ। ਪਤਿਤ ਆਤਮਾਵਾਂ, ਜਿਨ੍ਹਾਂ ਵਿੱਚ ਖਾਦ ਪੈਂਦੀ ਹੈ, ਉਨ੍ਹਾਂ ਨੂੰ ਪਿਓਰ ਬਣਾਉਂਦੇ ਹਨ। ਖਾਦ ਪੈਂਦੀ ਤਾਂ ਹੈ ਨਾ। ਚਾਂਦੀ, ਤਾਂਬਾ, ਲੋਹਿਆ ਆਦਿ ਨਾਮ ਵੀ ਇਵੇਂ ਦੇ ਹਨ। ਗੋਲਡਨ ਏਜ਼, ਸਿਲਵਰ ਏਜ਼…ਸਤੋਪ੍ਰਧਾਨ, ਸਤੋ, ਰਜੋ, ਤਮੋ…ਇਹ ਗੱਲਾਂ ਹੋਰ ਕੋਈ ਵੀ ਮਨੁੱਖ, ਗੁਰੂ ਨਹੀਂ ਸਮਝਾਉਣਗੇ। ਇੱਕ ਸਤਿਗੁਰੂ ਹੀ ਸਮਝਾਉਣਗੇ। ਸਤਿਗੁਰੂ ਦਾ ਅਕਾਲ ਤਖ਼ਤ ਕਹਿੰਦੇ ਹਨ ਨਾ। ਉਸ ਸਤਿਗੁਰੂ ਨੂੰ ਵੀ ਤਖ਼ਤ ਚਾਹੀਦਾ ਹੈ ਨਾ। ਜਿਵੇਂ ਤੁਸੀਂ ਆਤਮਾਵਾਂ ਦਾ ਵੱਖ-ਵੱਖ ਤਖ਼ਤ ਹੈ, ਉਨ੍ਹਾਂ ਨੂੰ ਵੀ ਤਖਤ ਲੈਣਾ ਪੈਂਦਾ ਹੈ। ਕਹਿੰਦੇ ਹਨ ਮੈਂ ਕਿਹੜਾ ਤਖ਼ਤ ਲੈਂਦਾ ਹਾਂ - ਇਸ ਦੁਨੀਆ ਵਿੱਚ ਕਿਸੇ ਨੂੰ ਨਹੀਂ ਪਤਾ ਹੈ। ਉਹ ਤਾਂ ਨੇਤੀ-ਨੇਤੀ ਕਹਿੰਦੇ ਆਏ ਹਨ। ਅਸੀਂ ਨਹੀਂ ਜਾਣਦੇ। ਤੁਸੀਂ ਬੱਚੇ ਵੀ ਸਮਝਦੇ ਹੋ ਪਹਿਲਾਂ ਅਸੀਂ ਵੀ ਕੁਝ ਨਹੀਂ ਜਾਣਦੇ ਸੀ। ਜੋ ਕੁਝ ਵੀ ਨਹੀਂ ਸਮਝਦੇ ਹਨ, ਉਨ੍ਹਾਂ ਨੂੰ ਬੇਸਮਝ ਕਿਹਾ ਜਾਂਦਾ ਹੈ। ਭਾਰਤਵਾਸੀ ਸਮਝਦੇ ਹਨ ਅਸੀਂ ਬਹੁਤ ਸਮਝਦਾਰ ਸੀ। ਵਿਸ਼ਵ ਦਾ ਰਾਜ ਭਾਗ ਸਾਡਾ ਸੀ। ਹੁਣ ਬੇਸਮਝ ਬਣ ਗਏ ਹਾਂ। ਬਾਪ ਕਹਿੰਦੇ ਹਨ ਤੁਸੀਂ ਸ਼ਾਸਤਰ ਆਦਿ ਭਾਵੇਂ ਕੁਝ ਵੀ ਪੜ੍ਹਿਆ ਹੈ, ਇਹ ਸਭ ਕੁਝ ਹੁਣ ਭੁੱਲ ਜਾਓ। ਸਿਰਫ਼ ਇਕ ਬਾਪ ਨੂੰ ਯਾਦ ਕਰੋ। ਗ੍ਰਹਿਸਥ ਵਿਵਹਾਰ ਵਿੱਚ ਵੀ ਭਾਵੇਂ ਰਹੋ। ਸੰਨਿਆਸੀਆਂ ਦੇ ਫਾਲੋਅਰਸ ਵੀ ਆਪਣੇ-ਆਪਣੇ ਘਰ ਰਹਿੰਦੇ ਹਨ। ਕੋਈ-ਕੋਈ ਸੱਚੇ ਫਾਲੋਅਰਸ ਹੁੰਦੇ ਹਨ ਤਾਂ ਉਨ੍ਹਾਂ ਦੇ ਨਾਲ ਹੀ ਰਹਿੰਦੇ ਹਨ। ਬਾਕੀ ਕੋਈ ਕਿੱਥੇ, ਕੋਈ ਕਿੱਥੇ ਰਹਿੰਦਾ ਹੈ। ਤੇ ਸਾਰੀਆਂ ਗੱਲਾਂ ਬਾਪ ਬੈਠ ਕੇ ਸਮਝਾਉਂਦੇ ਹਨ। ਇਸ ਨੂੰ ਕਿਹਾ ਜਾਂਦਾ ਹੈ ਗਿਆਨ ਦਾ ਡਾਂਸ। ਯੋਗ ਤਾਂ ਹੈ ਸਾਈਲੈਂਸ। ਗਿਆਨ ਦੀ ਹੁੰਦੀ ਹੈ ਡਾਂਸ। ਯੋਗ ਵਿੱਚ ਤਾਂ ਬਿਲਕੁਲ ਸ਼ਾਂਤ ਰਹਿਣਾ ਹੁੰਦਾ ਹੈ। ਡੇੱਡ ਸਾਇਲੈਂਸ ਕਹਿੰਦੇ ਹਨ ਨਾ। ਤਿੰਨ ਮਿੰਟ ਡੇੱਡ ਸਾਇਲੈਂਸ। ਪਰ ਉਸਦਾ ਵੀ ਅਰਥ ਕੋਈ ਜਾਣਦੇ ਨਹੀਂ। ਸੰਨਿਆਸੀ ਸ਼ਾਂਤੀ ਲਈ ਜੰਗਲ ਵਿੱਚ ਜਾਂਦੇ ਹਨ ਪਰ ਉੱਥੇ ਥੋੜ੍ਹੇ ਹੀ ਸ਼ਾਂਤੀ ਮਿਲੇਗੀ। ਇੱਕ ਕਹਾਣੀ ਵੀ ਹੈ ਰਾਣੀ ਦਾ ਹਾਰ ਗਲੇ ਵਿੱਚ…ਇਹ ਮਿਸਾਲ ਹੈ ਸ਼ਾਂਤੀ ਦੇ ਲਈ। ਬਾਪ ਇਸ ਸਮੇ ਜੋ ਗੱਲਾਂ ਸਮਝਾਉਂਦੇ ਹਨ ਉਹ ਦ੍ਰਿਸ਼ਟਾਂਤ ਫਿਰ ਭਗਤੀ ਮਾਰਗ ਵਿੱਚ ਚਲੇ ਆਉਂਦੇ ਹਨ। ਬਾਪ ਇਸ ਸਮੇ ਪੁਰਾਣੀ ਦੁਨੀਆ ਨੂੰ ਬਦਲ ਨਵੀਂ ਦੁਨੀਆ ਬਣਾਉਂਦੇ ਹਨ। ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਾਉਂਦੇ ਹਨ। ਇਹ ਤਾਂ ਤੁਸੀਂ ਸਮਝ ਸਕਦੇ ਹੋ। ਬਾਕੀ ਇਹ ਦੁਨੀਆ ਹੈ ਤਮੋਪ੍ਰਧਾਨ ਪਤਿਤ ਕਿਉਂਕਿ ਸਾਰੇ ਵਿਕਾਰ ਨਾਲ ਪੈਦਾ ਹੁੰਦੇ ਹਨ। ਦੇਵਤੇ ਤਾਂ ਵਿਕਾਰ ਨਾਲ ਪੈਦਾ ਨਹੀਂ ਹੁੰਦੇ। ਉਨ੍ਹਾਂ ਨੂੰ ਕਿਹਾ ਜਾਂਦਾ ਸੰਪੂਰਨ ਨਿਰਵਿਕਾਰੀ ਦੁਨੀਆ। ਵਾਈਸਲੈਸ ਵਰਲਡ ਅੱਖਰ ਕਹਿੰਦੇ ਹਨ ਪਰ ਉਸਦਾ ਮਤਲਬ ਨਹੀਂ ਸਮਝਦੇ। ਤੁਸੀਂ ਹੀ ਪੂਜਨੀਏ ਸੋ ਪੁਜਾਰੀ ਬਣੇ ਹੋ। ਬਾਬਾ ਦੇ ਲਈ ਕਦੀ ਇਵੇਂ ਨਹੀਂ ਕਿਹਾ ਜਾਂਦਾ। ਬਾਪ ਕਦੀ ਪੁਜਾਰੀ ਬਣਦੇ ਨਹੀਂ। ਮਨੁੱਖ ਤਾਂ ਕਣ-ਕਣ ਵਿੱਚ ਪਰਮਾਤਮਾ ਕਹਿ ਦਿੰਦੇ ਹਨ। ਫਿਰ ਬਾਪ ਕਹਿੰਦੇ ਹਨ ਭਾਰਤ ਵਿੱਚ ਜਦੋਂ-ਜਦੋਂ ਇਵੇਂ ਧਰਮ ਗਿਲਾਨੀ ਹੁੰਦੀ ਹੈ….। ਉਹ ਲੋਕ ਤਾਂ ਇਵੇਂ ਹੀ ਸ਼ਲੋਕ ਪੜ੍ਹ ਲੈਂਦੇ ਹਨ, ਮਤਲਬ ਕੁਝ ਵੀ ਨਹੀਂ ਜਾਣਦੇ। ਉਹ ਸਮਝਦੇ ਹਨ ਸ਼ਰੀਰ ਹੀ ਪਤਿਤ ਬਣਦਾ ਹੈ, ਆਤਮਾ ਨਹੀਂ ਬਣਦੀ ਹੈ।

ਬਾਪ ਕਹਿੰਦੇ ਹਨ ਪਹਿਲੇ ਆਤਮਾ ਪਤਿਤ ਬਣੀ ਹੈ ਤਾਂ ਫਿਰ ਸ਼ਰੀਰ ਵੀ ਪਤਿਤ ਬਣਿਆ ਹੈ। ਸੋਨੇ ਵਿੱਚ ਹੀ ਖਾਦ ਪੈਂਦੀ ਹੈ ਤਾਂ ਫਿਰ ਜੇਵਰ ਵੀ ਓਵੇਂ ਦਾ ਬਣਦਾ ਹੈ। ਪਰ ਉਹ ਸਭ ਹੈ ਭਗਤੀ ਮਾਰਗ ਵਿੱਚ। ਬਾਪ ਸਮਝਾਉਂਦੇ ਹਨ ਹਰ ਇੱਕ ਵਿੱਚ ਆਤਮਾ ਵਿਰਾਜਮਾਨ

ਹੈ, ਕਿਹਾ ਵੀ ਜਾਂਦਾ ਹੈ ਜੀਵ ਆਤਮਾ। ਜੀਵ ਪਰਮਾਤਮਾ ਨਹੀਂ ਕਿਹਾ ਜਾਂਦਾ ਹੈ। ਮਹਾਨ ਆਤਮਾ ਕਿਹਾ ਜਾਂਦਾ ਹੈ, ਮਹਾਨ ਪਰਮਾਤਮਾ ਨਹੀਂ ਕਿਹਾ ਜਾਂਦਾ ਹੈ। ਆਤਮਾ ਹੀ ਵੱਖ-ਵੱਖ ਸ਼ਰੀਰ ਲੈ ਪਾਰਟ ਵਜਾਉਂਦੀ ਹੈ। ਤਾਂ ਯੋਗ ਹੈ ਬਿਲਕੁਲ ਸਾਈਲੈਂਸ। ਇਹ ਫਿਰ ਹੈ ਗਿਆਨ ਡਾਂਸ। ਬਾਪ ਦੀ ਗਿਆਨ ਡਾਂਸ ਵੀ ਉਨ੍ਹਾਂ ਦੇ ਅੱਗੇ ਹੋਵੇਗੀ ਜੋ ਸ਼ੋਕੀਨ ਹੋਣਗੇ। ਬਾਪ ਜਾਣਦੇ ਹਨ ਕਿਸ ਵਿੱਚ ਕਿੰਨਾ ਗਿਆਨ ਹੈ, ਕਿੰਨਾ ਉਨ੍ਹਾਂ ਵਿੱਚ ਯੋਗ ਦਾ ਨਸ਼ਾ ਹੈ। ਟੀਚਰ ਤਾਂ ਜਾਣਦੇ ਹੋਣਗੇ ਨਾ। ਬਾਪ ਵੀ ਜਾਣਦੇ ਹਨ ਕਿਹੜੇ-ਕਿਹੜੇ ਚੰਗੇ ਗੁਣਵਾਨ ਬੱਚੇ ਹਨ। ਚੰਗੇ-ਚੰਗੇ ਬੱਚਿਆਂ ਦਾ ਹੀ ਜਿੱਥੇ - ਕਿਤੇ ਬੁਲਾਵਾ ਹੁੰਦਾ ਹੈ। ਬੱਚਿਆਂ ਵਿੱਚ ਵੀ ਨੰਬਰਵਾਰ ਹੈ। ਪਰਜਾ ਵੀ ਨੰਬਰ ਵਾਰ ਪੁਰਸ਼ਾਰਥ ਅਨੁਸਾਰ ਬਣਦੀ ਹੈ। ਇਹ ਸਕੂਲ ਮਤਲਬ ਪਾਠਸ਼ਾਲਾ ਹੈ ਨਾ। ਪਾਠਸ਼ਾਲਾ ਵਿੱਚ ਹਮੇਸ਼ਾ ਨੰਬਰਵਾਰ ਬੈਠਦੇ ਹਨ। ਸਮਝ ਸਕਦੇ ਹਨ ਫਲਾਣਾ ਹੁਸ਼ਿਆਰ ਹੈ, ਇਹ ਮੀਡੀਅਮ ਹੈ। ਇਥੇ ਤਾਂ ਇਹ ਬੇਹੱਦ ਦਾ ਕਲਾਸ ਹੈ, ਇਸ ਵਿੱਚ ਕਿਸੇ ਨੂੰ ਨੰਬਰਵਾਰ ਬਿਠਾ ਨਹੀਂ ਸਕਦੇ। ਬਾਬਾ ਜਾਣਦੇ ਹਨ ਸਾਡੇ ਸਾਹਮਣੇ ਜੋ ਬੈਠੇ ਹਨ ਉਨ੍ਹਾਂ ਵਿੱਚ ਕੁਝ ਵੀ ਗਿਆਨ ਨਹੀਂ ਹੈ। ਸਿਰਫ਼ ਭਾਵਨਾ ਹੈ। ਬਾਕੀ ਤੇ ਨਾ ਗਿਆਨ ਹੈ ਨਾ ਯਾਦ ਹੈ। ਇਨ੍ਹਾਂ ਨਿਸ਼ਚੇ ਹੈ - ਇਹ ਬਾਬਾ ਹੈ, ਇਨ੍ਹਾਂ ਤੋਂ ਸਾਨੂੰ ਵਰਸਾ ਮਿਲਣਾ ਹੈ। ਵਰਸਾ ਵੀ ਤੁਹਾਨੂੰ ਮਿਲਦਾ ਹੈ। ਪਰ ਰਾਜਾਈ ਵਿੱਚ ਤਾਂ ਨੰਬਰਵਾਰ ਪੱਦ ਹੈ। ਜਿਹੜੇ ਬੱਚੇ ਬੜੀ ਚੰਗੀ ਸਰਵਿਸ ਕਰਦੇ ਹਨ ਉਨ੍ਹਾਂ ਨੂੰ ਤਾਂ ਬੜੀ ਚੰਗੀ ਪ੍ਰਾਈਜ਼ ਮਿਲ ਜਾਂਦੀ ਹੈ। ਹੁਣ ਤੁਸੀਂ ਜਾਣਦੇ ਹੋ ਵਿਸ਼ਵ ਵਿੱਚ ਸੱਚੀ ਸ਼ਾਂਤੀ ਕਿਵੇਂ ਹੋਵੇ? ਬਾਪ ਨੇ ਕਿਹਾ ਹੈ, ਜੋ ਰਾਏ ਦਿੰਦੇ ਹਨ ਉਨ੍ਹਾਂ ਨੂੰ ਪੁੱਛੋ ਤਾਂ ਸਹੀ ਕਿ ਵਿਸ਼ਵ ਵਿੱਚ ਸ਼ਾਂਤੀ ਕਦੋਂ ਸੀ ? ਕਦੇ ਸੁਣੀ ਜਾਂ ਦੇਖੀ ਹੈ ? ਕਿਸ ਤਰ੍ਹਾਂ ਦੀ ਸ਼ਾਂਤੀ ਮੰਗਦੇ ਹੋ ? ਕਦੋਂ ਸੀ? ਤੁਸੀਂ ਪੁੱਛ ਸਕਦੇ ਹੋ ਕਿਉਂਕਿ ਤੁਸੀਂ ਜਾਣਦੇ ਹੋ ਜੋ ਪ੍ਰਸ਼ਨ ਪੁੱਛੇ ਅਤੇ ਖੁਦ ਨਾ ਜਾਣਦਾ ਹੋਵੇ ਤਾਂ ਉਸਨੂੰ ਕੀ ਕਹਾਂਗੇ ? ਤੁਸੀਂ ਅਖਬਾਰਾਂ ਦੁਆਰਾ ਪੁੱਛੋ ਕਿ ਕਿਸ ਤਰ੍ਹਾਂ ਦੀ ਸ਼ਾਂਤੀ ਮੰਗਦੇ ਹੋ ? ਸ਼ਾਂਤੀਧਾਮ ਤਾਂ ਹੈ, ਜਿਥੇ ਅਸੀਂ ਆਤਮਾਵਾਂ ਰਹਿੰਦੀਆਂ ਹਾਂ। ਬਾਪ ਕਹਿੰਦੇ ਹਨ ਇੱਕ ਤਾਂ ਸ਼ਾਂਤੀਧਾਮ ਨੂੰ ਯਾਦ ਕਰੋ, ਦੂਜਾ ਸੁੱਖਧਾਮ ਨੂੰ ਯਾਦ ਕਰੋ। ਸ੍ਰਿਸ਼ਟੀ ਦੇ ਚੱਕਰ ਦਾ ਪੂਰਾ ਗਿਆਨ ਨਾ ਹੋਣ ਦੇ ਕਾਰਣ ਕਿੰਨੇ ਗਪੌੜੇ ਆਦਿ ਲਗਾ ਦਿੱਤੇ ਹਨ।

ਤੁਸੀਂ ਬੱਚੇ ਜਾਣਦੇ ਹੋ ਅਸੀਂ ਡਬਲ ਸਿਰਤਾਜ ਬਣਦੇ ਹਾਂ। ਅਸੀਂ ਦੇਵਤਾ ਸੀ, ਹੁਣ ਫਿਰ ਮਨੁੱਖ ਬਣੇ ਹਾਂ। ਦੇਵਤਾਵਾਂ ਨੂੰ ਦੇਵਤਾ ਕਿਹਾ ਜਾਂਦਾ ਹੈ, ਮਨੁੱਖ ਨਹੀਂ ਕਿਉਂਕਿ ਦੈਵੀਗੁਣਾ ਵਾਲੇ ਹਨ ਨਾ। ਜਿਨ੍ਹਾਂ ਵਿੱਚ ਅਵਗੁਣ ਹਨ ਉਹ ਕਹਿੰਦੇ ਹਨ ਮੈਂ ਨਿਰਗੁਣ ਹਾਰੇ ਵਿੱਚ ਕੋਈ ਗੁਣ ਨਾਹੀ। ਸ਼ਾਸਤਰਾਂ ਵਿੱਚ ਜੋ ਗੱਲਾਂ ਸੁਣੀਆਂ ਹਨ ਉਹ ਸਿਰਫ ਗਾਉਂਦੇ ਰਹਿੰਦੇ ਹਨ - ਅਚਤਮ ਕੇਸ਼ਵਮ...। ਜਿਵੇਂ ਤੋਤੇ ਨੂੰ ਸਿਖਾਇਆ ਜਾਂਦਾ ਹੈ। ਕਹਿੰਦੇ ਹਨ ਬਾਬਾ ਆਕੇ ਸਾਨੂੰ ਸਭ ਨੂੰ ਪਾਵਨ ਬਣਾਵੋ। ਬ੍ਰਹਮਲੋਕ ਨੂੰ ਵਾਸਤਵ ਵਿੱਚ ਦੁਨੀਆਂ ਨਹੀਂ ਕਹਾਂਗੇ। ਉੱਥੇ ਤੁਸੀਂ ਆਤਮਾਵਾਂ ਰਹਿੰਦੀਆਂ ਹੋ। ਅਸਲ ਵਿੱਚ ਪਾਰਟ ਵਜਾਉਣ ਦੀ ਦੁਨੀਆਂ ਇਹ ਹੀ ਹੈ। ਉਹ ਹੈ ਸ਼ਾਂਤੀਧਾਮ। ਬਾਪ ਸਮਝਾਉਂਦੇ ਹਨ ਮੈਂ ਬੈਠ ਤੁਹਾਨੂੰ ਬੱਚਿਆਂ ਨੂੰ ਆਪਣਾ ਪਰਿਚੈ ਦਿੰਦਾ ਹਾਂ। ਮੈਂ ਆਉਂਦਾ ਹੀ ਉਸ ਵਿੱਚ ਹਾਂ ਜੋ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਹਨ। ਇਹ ਵੀ ਹੁਣ ਹੀ ਸੁਣਦੇ ਹਨ। ਮੈਂ ਇਸ ਵਿੱਚ ਪ੍ਰਵੇਸ਼ ਕਰਦਾ ਹਾਂ। ਪੁਰਾਣੀ ਪਤਿਤ ਦੁਨੀਆ, ਰਾਵਣ ਦੀ ਦੁਨੀਆ ਹੈ। ਜੋ ਨੰਬਰਵਾਰ ਪਾਵਨ ਸੀ ਉਹ ਹੀ ਫਿਰ ਨੰਬਰ ਲਾਸਟ ਪਤਿਤ ਬਣਿਆ ਹੈ। ਉਨ੍ਹਾਂ ਨੂੰ ਆਪਣਾ ਰੱਥ ਬਣਾਉਂਦਾ ਹਾਂ। ਫ਼ਸਟ ਸੋ ਲਾਸਟ ਵਿੱਚ ਆਇਆ ਹਾਂ। ਫਿਰ ਫ਼ਸਟ ਵਿੱਚ ਜਾਣਾ ਹੈ। ਚਿੱਤਰ ਵਿੱਚ ਵੀ ਸਮਝਾਇਆ ਹੈ - ਬ੍ਰਹਮਾ ਦੁਆਰਾ ਮੈਂ ਆਦਿ ਸਨਾਤਨ ਦੇਵੀ ਦੇਵਤਾ ਧਰਮ ਦੀ ਸਥਾਪਨਾ ਕਰਦਾ ਹਾਂ। ਇਵੇਂ ਤਾਂ ਨਹੀਂ ਕਹਿੰਦੇ ਹਨ ਦੇਵੀ ਦੇਵਤਾ ਧਰਮ ਵਿੱਚ ਆਉਂਦਾ ਹਾਂ। ਜਿਸ ਸ਼ਰੀਰ ਵਿੱਚ ਆਕੇ ਬੈਠਦੇ ਹਨ ਉਹ ਹੀ ਫਿਰ ਜਾ ਕੇ ਨਰਾਇਣ ਬਣਦੇ ਹਨ। ਵਿਸ਼ਨੂੰ ਹੋਰ ਕੋਈ ਨਹੀਂ ਹੈ। ਲਕਸ਼ਮੀ - ਨਰਾਇਣ ਭਾਵੇਂ ਰਾਧੇ -ਕ੍ਰਿਸ਼ਨ ਦੀ ਜੋੜੀ ਕਹੋ। ਵਿਸ਼ਨੂੰ ਕੌਣ ਹੈ - ਇਹ ਵੀ ਕੋਈ ਨਹੀਂ ਜਾਣਦੇ ਹਨ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਵੇਦਾਂ ਸ਼ਾਸਤਰਾਂ, ਸਭ ਚਿੱਤਰਾਂ ਆਦਿ ਦਾ ਰਾਜ ਸਮਝਾਉਂਦਾ ਹਾਂ। ਮੈਂ ਜਿਸ ਵਿਚ ਪ੍ਰਵੇਸ਼ ਕਰਦਾ ਹਾਂ ਉਹ ਫਿਰ ਇਹ ਬਣਦੇ ਹਨ। ਪ੍ਰਵਿਰਤੀ ਮਾਰਗ ਹੈ ਨਾ। ਇਹ ਬ੍ਰਹਮਾ, ਸਰਸਵਤੀ, ਫਿਰ ਇਹ(ਲਕਸ਼ਮੀ ਨਰਾਇਣ) ਬਣਦੇ ਹਨ। ਇੰਨਾ ਵਿੱਚ ( ਬ੍ਰਹਮਾ ਵਿੱਚ ) ਪ੍ਰਵੇਸ਼ ਕਰ ਕੇ ਮੈਂ ਬ੍ਰਾਹਮਣਾ ਨੂੰ ਗਿਆਨ ਦਿੰਦਾ ਹਾਂ। ਤਾਂ ਇਹ ਬ੍ਰਹਮਾ ਵੀ ਸੁਣਦੇ ਹਨ। ਇਹ ਫ਼ਸਟ ਨੰਬਰ ਵਿੱਚ ਸੁਣਦੇ ਹਨ। ਇਹ ਹੈ ਵੱਡੀ ਨਦੀ ਬ੍ਰਹਮਪੁੱਤਰਾ। ਮੇਲਾ ਵੀ ਸਾਗਰ ਅਤੇ ਬ੍ਰਹਮਪੁੱਤਰਾ ਨਦੀ ਤੇ ਲੱਗਦਾ ਹੈ। ਵੱਡਾ ਮੇਲਾ ਲੱਗਦਾ ਹੈ, ਜਿਥੇ ਸਾਗਰ ਅਤੇ ਨਦੀ ਦਾ ਸੰਗਮ ਹੁੰਦਾ ਹੈ। ਮੈਂ ਇਸ ਵਿੱਚ ਪ੍ਰਵੇਸ਼ ਕਰਦਾ ਹਾਂ। ਇਹ ਉਹ ਬਣਦੇ ਹਨ। ਇਸਨੂੰ ਇਹ (ਬ੍ਰਹਮਾ ਸੋ ਵਿਸ਼ਨੂੰ) ਬਣਨ ਵਿੱਚ ਇੱਕ ਸੈਕੰਡ ਲੱਗਦਾ ਹੈ। ਸਾਕਸ਼ਾਤਕਾਰ ਹੋ ਜਾਂਦਾ ਹੈ ਅਤੇ ਝੱਟ ਨਿਸ਼ਚੈ ਹੋ ਜਾਂਦਾ ਹੈ - ਮੈਂ ਇਹ ਬਣਨ ਵਾਲਾ ਹਾਂ। ਵਿਸ਼ਵ ਦਾ ਮਾਲਿਕ ਬਣਨ ਵਾਲਾ ਹਾਂ। ਤਾਂ ਇਹ ਗੱਦਾਈ ਕੀ ਕਰਾਂਗੇ? ਸਭ ਛੱਡ ਦਿੱਤਾ। ਤੁਹਾਨੂੰ ਵੀ ਪਹਿਲਾਂ ਮਾਲੂਮ ਹੋਇਆ - ਬਾਬਾ ਆਇਆ ਹੋਇਆ ਹੈ, ਇਹ ਦੁਨੀਆਂ ਖ਼ਤਮ ਹੋਣ ਵਾਲੀ ਹੈ ਤਾਂ ਝੱਟ ਭੱਜੇ। ਬਾਬਾ ਨੇ ਨਹੀਂ ਭਜਾਇਆ। ਹਾਂ, ਭੱਠੀ ਬਣਨੀ ਸੀ। ਕਹਿੰਦੇ ਹਨ ਕ੍ਰਿਸ਼ਨ ਨੇ ਭੱਜਾਇਆ। ਅੱਛਾ, ਕ੍ਰਿਸ਼ਨ ਨੇ ਭਜਾਇਆ ਤਾਂ ਪਟਰਾਣੀ ਬਣਾਇਆ ਨਾ। ਤਾਂ ਇਸ ਗਿਆਨ ਵਿੱਚ ਵਿਸ਼ਵ ਦੇ ਮਹਾਰਾਜਾ ਮਹਾਰਾਣੀ ਬਣਦੇ ਹੋ। ਇਹ ਤਾਂ ਚੰਗਾ ਹੀ ਹੈ। ਇਸ ਵਿੱਚ ਗਾਲੀ ਖਾਣ ਦੀ ਲੋੜ ਨਹੀਂ ਹੈ। ਫਿਰ ਕਹਿੰਦੇ ਹਨ ਕਲੰਕ ਜਦੋਂ ਲੱਗਦੇ ਹਨ ਫਿਰ ਹੀ ਕਲੰਗੀਧਰ ਬਣਦੇ ਹਾਂ। ਕਲੰਕ ਲੱਗਦੇ ਹਨ ਸ਼ਿਵਬਾਬਾ ਤੇ। ਕਿੰਨੀ ਗਲਾਨੀ ਕਰਦੇ ਹਨ। ਕਹਿੰਦੇ ਹਨ ਅਸੀਂ ਆਤਮਾ ਸੋ ਪਰਮਾਤਮਾ, ਪਰਮਾਤਮਾ ਸੋ ਅਸੀਂ ਆਤਮਾ। ਹੁਣ ਬਾਪ ਸਮਝਾਉਂਦੇ ਹਨ - ਇਵੇਂ ਹੈ ਨਹੀਂ। ਅਸੀਂ ਆਤਮਾ ਹੁਣ ਸੋ ਬ੍ਰਾਹਮਣ ਹਾਂ। ਬ੍ਰਾਹਮਣ ਹੈ ਸਭ ਤੋਂ ਉਚਾ ਕੁੱਲ। ਇਸਨੂੰ ਡਾਇਨੇਸਟੀ ਨਹੀਂ ਕਹਾਂਗੇ। ਡਾਇਨੇਸਟੀ ਮਤਲਬ ਜਿਸ ਵਿੱਚ ਰਾਜਾਈ ਹੁੰਦੀ ਹੈ। ਇਹ ਤੁਹਾਡਾ ਕੁੱਲ ਹੈ। ਹੈ ਬੜਾ ਸਹਿਜ, ਅਸੀਂ ਬ੍ਰਾਹਮਣ ਸੋ ਦੇਵਤਾ ਬਣਨ ਵਾਲੇ ਹਾਂ ਇਸਲਈ ਦੈਵੀਗੁਣ ਜਰੂਰ ਧਾਰਨ ਕਰਨੇ ਹਨ। ਸਿਗਰੇਟ, ਬੀੜੀ ਆਦਿ ਦਾ ਦੇਵਤਾਵਾਂ ਨੂੰ ਭੋਗ ਲਗਾਉਂਦੇ ਹੋ? ਸ਼੍ਰੀਨਾਥ ਦਵਾਰੇ ਵਿੱਚ ਬੜੇ ਘਿਉ ਦੇ ਮਾਲ ਠਾਲ ਬਣਦੇ ਹਨ। ਭੋਗ ਇੰਨਾ ਲਗਾਉਂਦੇ ਹਨ ਜੋ ਫਿਰ ਦੁਕਾਨ ਲੱਗ ਜਾਂਦੀ ਹੈ। ਯਾਤਰੀ ਜਾਕੇ ਲੈਂਦੇ ਹਨ। ਮਨੁੱਖਾਂ ਦੀ ਭਾਵਨਾ ਬੜੀ ਰਹਿੰਦੀ ਹੈ। ਸਤਿਯੁੱਗ ਵਿੱਚ ਤਾਂ ਇਵੇਂ ਦੀਆਂ ਗੱਲਾਂ ਹੁੰਦੀਆਂ ਨਹੀਂ ਹਨ। ਇਵੇਂ ਦੀਆਂ ਮੱਖੀਆਂ ਆਦਿ

ਹੋਣਗੀਆਂ ਨਹੀਂ, ਜੋ ਕਿਸੇ ਚੀਜ਼ ਨੂੰ ਖਰਾਬ ਕਰਨ। ਇਵੇਂ ਦੀ ਬਿਮਾਰੀ ਆਦਿ ਓਥੇ ਹੁੰਦੀ ਨਹੀਂ। ਵੱਡੇ ਆਦਮੀਆਂ ਕੋਲ ਸਫਾਈ ਵੀ ਬੜੀ ਹੁੰਦੀ ਹੈ। ਓਥੇ ਤਾਂ ਇਵੇਂ ਦੀਆਂ ਗੱਲਾਂ ਹੁੰਦੀਆਂ ਨਹੀਂ ਹਨ। ਰੋਗ ਆਦਿ ਹੁੰਦੇ ਨਹੀਂ ਹਨ। ਇਹ ਸਭ ਬੀਮਾਰੀਆਂ ਦਵਾਪਰ ਤੋਂ ਨਿਕਲਦੀਆਂ ਹਨ। ਬਾਪ ਆਕੇ ਤੁਹਾਨੂੰ ਏਵਰ ਹੈਲਦੀ ਬਣਾਉਂਦੇ ਹਨ। ਤੁਸੀਂ ਪੁਰਸ਼ਾਰਥ ਕਰਦੇ ਹੋ ਬਾਪ ਨੂੰ ਯਾਦ ਕਰਨ ਦਾ, ਜਿਸ ਨਾਲ ਤੁਸੀਂ ਏਵਰਹੈਲਦੀ ਬਣਦੇ ਹੋ। ਉਮਰ ਵੀ ਵੱਡੀ ਹੁੰਦੀ ਹੈ। ਕੱਲ ਦੀ ਗੱਲ ਹੈ। 150 ਸਾਲ ਉਮਰ ਸੀ ਨਾ। ਹੁਣ ਤਾਂ 40-45 ਸਾਲ ਐਵਰਜ ਹੈ ਕਿਉਂਕਿ ਉਹ ਯੋਗੀ ਸਨ, ਇਹ ਭੋਗੀ ਹਨ।

ਤੁਸੀਂ ਰਾਜਯੋਗੀ, ਰਾਜਰਿਸ਼ੀ ਹੋ ਇਸਲਈ ਤੁਸੀਂ ਪਵਿੱਤਰ ਹੋ। ਪਰ ਇਹ ਹੈ ਪੁਰਸ਼ੋਤਮ ਸੰਗਮਯੁੱਗ। ਮਹੀਨਾ ਜਾਂ ਸਾਲ ਨਹੀਂ। ਬਾਪ ਕਹਿੰਦੇ ਹਨ ਮੈਂ ਕਲਪ-ਕਲਪ ਪੁਰਸ਼ੋਤਮ ਸੰਗਮ ਯੁਗੇ-ਯੁਗੇ ਆਉਂਦਾ ਹਾਂ। ਬਾਪ ਰੋਜ਼-ਰੋਜ਼ ਸਮਝਾਉਂਦੇ ਰਹਿੰਦੇ ਹਨ। ਫਿਰ ਵੀ ਕਹਿੰਦੇ ਹਨ ਇੱਕ ਗੱਲ ਕਦੇ ਨਹੀਂ ਭੁੱਲਣਾ - ਪਾਵਨ ਬਣਨਾ ਹੈ ਤਾਂ ਮੈਨੂੰ ਯਾਦ ਕਰੋ। ਆਪਣੇ ਨੂੰ ਆਤਮਾ ਸਮਝੋ। ਦੇਹ ਦੇ ਸਾਰੇ ਧਰਮ ਤਿਆਗ ਕਰੋ। ਹੁਣ ਤੁਸੀ ਵਾਪਿਸ ਜਾਣਾ ਹੈ। ਮੈਂ ਆਇਆ ਹਾਂ ਤੁਹਾਡੀ ਆਤਮਾ ਨੂੰ ਸਾਫ ਕਰਨ, ਜਿਸ ਨਾਲ ਫਿਰ ਸ਼ਰੀਰ ਵੀ ਪਵਿਤੱਰ ਮਿਲੇਗਾ। ਇਥੇ ਤਾਂ ਵਿਕਾਰ ਨਾਲ ਪੈਦਾ ਹੁੰਦੇ ਹਨ। ਆਤਮਾ ਜਦੋਂ ਸੰਪੂਰਨ ਪਵਿੱਤਰ ਬਣਦੀ ਹੈ ਫਿਰ ਤੁਸੀਂ ਪੁਰਾਣੀ ਜੁੱਤੀ ਨੂੰ ਛੱਡਦੇ ਹੋ। ਫਿਰ ਨਵੀਂ ਮਿਲੇਗੀ। ਤੁਹਾਡਾ ਗਾਇਨ ਹੈ - ਵੰਦੇ ਮਾਤਰਮ। ਤੁਸੀਂ ਧਰਤੀ ਨੂੰ ਵੀ ਪਾਵਨ ਬਣਾਉਂਦੇ ਹੋ। ਤੁਸੀਂ ਮਾਤਾਵਾਂ ਸਵਰਗ ਦਾ ਦਵਾਰ ਖੋਲ੍ਹਦੀਆਂ ਹੋ। ਪਰ ਇਹ ਕੋਈ ਜਾਣਦਾ ਨਹੀਂ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਤਮਾ ਰੂਪੀ ਜੋਤੀ ਨੂੰ ਪ੍ਰਜਵਲਿਤ ਕਰਨ ਦੇ ਲਈ ਸਵੇਰੇ-ਸਵੇਰੇ ਯਾਦ ਦੀ ਯਾਤਰਾ ਵਿੱਚ ਬੈਠਣਾ ਹੈ। ਯਾਦ ਨਾਲ ਹੀ ਜੰਕ ਨਿਕਲੇਗੀ। ਆਤਮਾ ਵਿੱਚ ਜੋ ਖਾਦ ਪਈ ਹੈ ਉਸਨੂੰ ਯਾਦ ਨਾਲ ਕੱਢ ਕੇ ਸੱਚਾ ਸੋਨਾ ਬਣਨਾ ਹੈ।

2. ਬਾਪ ਤੋਂ ਉੱਚ ਪੱਦ ਦੀ ਪ੍ਰਾਈਜ਼ ਲੈਣ ਦੇ ਲਈ ਭਾਵਨਾ ਦੇ ਨਾਲ-ਨਾਲ ਗਿਆਨਵਾਨ ਅਤੇ ਗੁਣਵਾਨ ਵੀ ਬਣਨਾ ਹੈ। ਸਰਵਿਸ ਕਰਕੇ ਦਿਖਾਉਣਾ ਹੈ।

ਵਰਦਾਨ:- ਚਲਣ ਅਤੇ ਚੇਹਰੇ ਨਾਲ ਪਵਿੱਤਰਤਾ ਦੇ ਸ਼ਿੰਗਾਰ ਦੀ ਝਲਕ ਦਿਖਾਉਣ ਵਾਲੇ ਸਿੰਗਾਰੀ ਮੂਰਤ ਭਵ
ਪਵਿੱਤਰਤਾ ਬ੍ਰਾਹਮਣ ਜੀਵਨ ਦਾ ਸ਼ਿੰਗਾਰ ਹੈ। ਹਰ ਸਮੇਂ ਪਵਿੱਤਰਤਾ ਦੇ ਸ਼ਿੰਗਾਰ ਦੀ ਅਨੁਭੂਤੀ ਚੇਹਰੇ ਅਤੇ ਚੱਲਣ ਨਾਲ ਹੋਰਾਂ ਨੂੰ ਹੋਵੇ। ਦ੍ਰਿਸ਼ਟੀ ਵਿੱਚ, ਮੁਖ ਵਿੱਚ, ਪੈਰਾ ਵਿੱਚ ਸਦਾ ਪਵਿੱਤਰਤਾ ਦਾ ਸ਼ਿੰਗਾਰ ਪ੍ਰਤੱਖ ਹੋਵੇ। ਹਰ ਇੱਕ ਵਰਨਣ ਕਰੇ ਕਿ ਇਹਨਾਂ ਦੇ ਫੀਚਰਸ ਤੋਂ ਪਵਿੱਤਰਤਾ ਦਿਖਾਈ ਦਿੰਦੀ ਹੈ। ਨੈਣਾਂ ਵਿੱਚ ਪਵਿੱਤਰਤਾ ਦੀ ਝਲਕ ਹੈ, ਮੁਖ ਵਿੱਚ ਪਵਿੱਤਰਤਾ ਦੀ ਮੁਸਕੁਰਾਹਟ ਹੈ। ਹੋਰ ਕੋਈ ਗੱਲ ਉਹਨਾਂ ਨੂੰ ਨਜ਼ਰ ਨਾ ਆਏ - ਇਸਨੂੰ ਹੀ ਕਹਿੰਦੇ ਹਨ - ਪਵਿੱਤਰਤਾ ਦੇ ਸ਼ਿੰਗਾਰ ਨਾਲ ਸ਼ਿੰਗਾਰੀ ਹੋਈ ਮੂਰਤ।

ਸਲੋਗਨ:- ਵਿਅਰਥ ਸੰਬੰਧ - ਸੰਪਰਕ ਵੀ ਅਕਾਉਂਟ ਨੂੰ ਖਾਲੀ ਕਰ ਦਿੰਦਾ ਹੈ ਇਸਲਈ ਵਿਅਰਥ ਨੂੰ ਸਮਾਪਤ ਕਰੋ।

******